ਈ-ਮੇਲ :
info@sgpc.net

ੴ ਵਾਹਿਗੁਰੂ ਜੀ ਕੀ ਫ਼ਤਹ ॥

397/12-22/2500
2553957
2553958
2553959
ਫੈਕਸ – 0183-2553919

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 20268.(T)

ਮਿਤੀ 30-04-2026.

**ਸ੍ਰੀ ਅਸ਼ਵਨੀ ਵੈਸਨਵ ਜੀ,**
ਮਾਨਯੋਗ ਰੇਲ ਮੰਤਰੀ ਜੀ,
ਭਾਰਤ ਸਰਕਾਰ,
ਕਮਰਾ ਨੰ. 239, ਰੇਲ ਭਵਨ,
ਰਾਇਸੀਨਾ ਰੋਡ, ਰਫੀ ਮਾਰਗ, ਨਵੀਂ ਦਿੱਲੀ।
Email: officeofmr@gov.in

**ਪ੍ਰੋ: ਅੰਮ੍ਰਿਤਸਰ ਤੋਂ ਸੱਚਖੰਡ ਸ੍ਰੀ ਹਜੂਰ ਸਾਹਿਬ, ਨਾਂਦੇੜ ਲਈ ਨਵੀਂ ਰੇਲ ਚਲਵਾਉਣ ਬਾਰੇ।**

**ਸ੍ਰੀ ਮਾਨ ਜੀ,**

ਅੰਮ੍ਰਿਤਸਰ (ਪੰਜਾਬ) ਤੇ ਨਾਂਦੇੜ (ਮਹਾਰਾਸ਼ਟਰ) ਸ਼ਹਿਰਾਂ ਦਾ ਸਿੱਖ ਧਰਮ ਵਿੱਚ ਵਿਸੇਸ਼ ਅਸਥਾਨ ਹੈ। ਸਿੱਖ ਧਰਮ ਦੇ ਦੋ ਵੱਡੇ ਧਾਰਮਿਕ ਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਤਖਤ ਸ੍ਰੀ ਹਜੂਰ ਸਾਹਿਬ ਇਨ੍ਹਾਂ ਸ਼ਹਿਰਾਂ ਵਿੱਚ ਸਥਿਤ ਹਨ। ਦੇਸ ਦੇ ਵੱਖ ਵੱਖ ਹਿੱਸਿਆਂ ਤੋਂ ਸਿੱਖ ਸ਼ਰਧਾਲੂ ਤੇ ਦੂਸਰੇ ਧਰਮਾਂ ਦੇ ਸਰਧਾਲੂ ਹਜਾਰਾਂ ਦੀ ਗਿਣਤੀ ਵਿੱਚ ਰੋਜਾਨਾਂ ਇਨ੍ਹਾਂ ਸ਼ਹਿਰਾਂ ਵਿੱਚ ਆਉਂਦੇ ਹਨ। ਸ੍ਰੀ ਹਰਿਮੰਦਰ ਸਾਹਿਬ (ਗੋਲਡਨ ਟੈਂਪਲ) ਤੋਂ ਇਲਾਵਾ ਅੰਮ੍ਰਿਤਸਰ ਵਿਖੇ ਸ੍ਰੀ ਦੁਰਗਿਆਨਾ ਤੀਰਥ ਮੰਦਰ, ਜਲਿਆਂਵਾਲਾ ਬਾਗ, ਰਾਮ ਤੀਰਥ ਮੰਦਰ, ਵਾਹਗਾ ਅਟਾਰੀ ਸਰਹੱਦ ਆਦਿ ਹੋਰ ਵੀ ਸੈਲਾਨੀ ਸਥਾਨ ਹਨ। ਪੰਜਾਬ ਤੇ ਮਹਾਰਾਂਸਟਰ ਸੂਬਿਆਂ ਤੋਂ ਸੈਲਾਨੀ/ਸ਼ਰਧਾਲੂ ਵੱਡੀ ਗਿਣਤੀ ਵਿੱਚ ਇਨ੍ਹਾਂ ਸਥਾਨਾਂ ਵਿਖੇ ਦਰਸ਼ਨਾਂ ਲਈ ਆਉਂਦੇ/ਜਾਂਦੇ ਹਨ। ਅੰਮ੍ਰਿਤਸਰ ਤੋਂ ਨਾਂਦੇੜ ਲਈ ਰੋਜਾਨਾਂ ਇੱਕ ਗੱਡੀ ਚਲਦੀ ਹੈ, ਜੋ ਕਿ ਲੋੜ ਅਨੁਸਾਰ ਘੱਟ ਹੈ। ਪੰਜਾਬ ਤੋਂ ਬਾਹਰ ਉਤਰਾਖੰਡ, ਯੂ.ਪੀ. ਵਿੱਚ ਵੀ ਵੱਡੀ ਗਿਣਤੀ ਵਿੱਚ ਸਿੱਖ ਤੇ ਗੁਰੂ ਨਾਨਕ ਨਾਮ ਲੇਵਾ ਹੋਰ ਧਰਮਾਂ ਦੇ ਲੋਕ ਵੱਸਦੇ ਹਨ, ਜੋ ਕਿ ਅੰਮ੍ਰਿਤਸਰ ਤੇ ਨਾਂਦੇੜ ਵਿਖੇ ਨਤਮਸਤਕ ਹੋਣ ਲਈ ਜਾਂਦੇ ਹਨ।

ਗੁ: ਸ੍ਰੀ ਗੁਰੂ ਸਿੰਘ ਸਭਾ ਸ਼ਾਹਜਹਾਂਪੁਰ, ਗੁਰਦੁਆਰਾ ਪ੍ਰਬੰਧਕ ਕਮੇਟੀ ਨਾਨਕਮਤਾ ਤੇ ਯੂ.ਪੀ. ਉਤਰਾਖੰਡ ਦੀਆਂ ਬਹੁਤ ਸਾਰੀਆਂ ਕਮੇਟੀਆਂ ਵੱਲੋਂ ਅੰਮ੍ਰਿਤਸਰ ਤੋਂ ਹਜੂਰ ਸਾਹਿਬ (ਵਾਇਆ, ਤਰਨ-ਤਾਰਨ, ਗੋਇੰਦਵਾਲ ਸਾਹਿਬ, ਬਿਆਸ, ਲੁਧਿਆਣਾ, ਅੰਬਾਲਾ, ਲਕਸਰ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਹਰਦੋਈ, ਲਖਨਊ, ਕਾਨਪੁਰ, ਝਾਂਸੀ ਰੂਟ) ਲਈ ਨਵੀਂ ਰੇਲ ਗੱਡੀ ਸ਼ੁਰੂ ਕਰਨ ਦੀ ਮੰਗ ਕੀਤੀ ਹੈ। ਸੰਗਤ ਦੀ ਜਰੂਰਤ ਨੂੰ ਮੁੱਖ ਰੱਖਦਿਆਂ ਸਤਿਕਾਰ ਸਹਿਤ ਲਿਖਿਆਂ ਜਾਂਦਾ ਹੈ ਕਿ ਉਤਰ ਪ੍ਰਦੇਸ਼ ਅਤੇ ਉਤਰਾਖੰਡ ਦੇ ਇਲਾਕਿਆਂ ਦੀ ਸੰਗਤ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਅੰਮ੍ਰਿਤਸਰ ਤੋਂ ਸੱਚਖੰਡ, ਸ੍ਰੀ ਹਜ਼ੂਰ ਸਾਹਿਬ, ਨਾਂਦੇੜ (ਮਹਾਰਾਸ਼ਟਰ) ਲਈ ਉਕਤ ਰੂਟ ਤੇ ਨਵੀਂ ਗੱਡੀ ਚਲਾਉਣ ਦੀ ਖੇਚਲ ਕਰਨੀ। ਪੂਰਨ ਸਹਿਯੋਗ ਦੀ ਆਸ ਵਿੱਚ।

ਸ਼ੁਭਚਿੰਤਕ,

**ਮੁੱਖ ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ਉਤਾਰਾ:

1. ਮਾਨਯੋਗ ਦਵਿੰਦਰ ਫੜਨਵੀਸ ਜੀ, ਮੁੱਖ ਮੰਤਰੀ, ਮਹਾਂਰਾਸ਼ਟਰ।
2. ਮਾਨਯੋਗ ਯੋਗੀ ਆਦਿਤਿਆ ਨਾਥ ਜੀ, ਮੁੱਖ ਮੰਤਰੀ, ਯੂ.ਪੀ.।
3. ਮਾਨਯੋਗ ਪੁਸਕਰ ਸਿੰਘ ਧਾਮੀ ਜੀ, ਮੁੱਖ ਮੰਤਰੀ, ਉਤਰਾਖੰਡ।
4. ਸ. ਰਵਨੀਤ ਸਿੰਘ ਜੀ, ਮਾਨਯੋਗ ਰੇਲ ਰਾਜ ਮੰਤਰੀ, ਭਾਰਤ ਸਰਕਰ।
5. ਬੀਬੀ ਹਰਸਿਮਰਤ ਕੌਰ ਜੀ, ਬਾਦਲ, ਮੈਂਬਰ ਲੋਕ ਸਭਾ।
6. ਸ. ਗੁਰਜੀਤ ਸਿੰਘ ਔਜਲਾ, ਐਮ.ਪੀ. ਸ੍ਰੀ ਅੰਮ੍ਰਿਤਸਰ।
7. ਬੀਬੀ ਕਮਲੇਸ਼ ਕੋਰ ਮਾਟਾ, ਪ੍ਰਧਾਨ ਗੁ: ਸ੍ਰੀ ਗੁਰੂ ਸਿੰਘ ਸਭਾ, ਨੇੜੇ ਕਚੈਹਰੀ, ਸਾਹਜਹਾਂਪੁਰ (ਯੂ.ਪੀ.)
8. ਸ. ਜੋਗਿੰਦਰ ਸਿੰਘ ਜੀ, ਗੁ: ਪ੍ਰਬੰਧਕ ਕਮੇਟੀ, ਨਾਨਕ ਮਤਾ ਸਾਹਿਬ।